aglasem.com

FOR PUNJAB CLASS 8 PREPARATION

PSEB 8th Sample Paper 2027 Home Science

EXAM	YEAR	TYPE	SUBJECT
Punjab Class 8	2027	Sample Paper	Home Science

ਮਾਡਲ ਟੈਸਟ ਪੇਪਰ (2026-27)

ਵਿਸ਼ਾ: ਗ੍ਰਹਿ ਵਿਗਿਆਨ

ਜਮਾਤ: ਅੱਠਵੀਂ

ਕੁੱਲ ਅੰਕ – 40 ਸਮਾਂ: 3 ਘੰਟੇ

ਪ੍ਰਸ਼ਨ-1 (10 x 1 = 10)

ਵਸਤੁਨਿਸ਼ਠ ਪ੍ਰਸ਼ਨ

ਖਾਲੀ ਥਾਵਾਂ ਭਰੋ:

i. ਕਾਰਬੋਹਾਈਡ੍ਰੇਟਸ ਸਾਨੂੰ _____ ਵਾਲੀਆਂ ਚੀਜ਼ਾਂ ਤੋਂ ਮਿਲਦਾ ਹੈ।

ii. ਉੱਲੀ _____ ਵਾਲੇ ਪਦਾਰਥਾਂ ਨੂੰ ਲੱਗਦੀ ਹੈ।

iii.ਖਾਣਾ ਖਾਣ ਦੇ _____ ਤਰੀਕੇ ਹਨ।

iv. ਚੂਹੇ ਨਾਲ _____ ਦੀ ਬਿਮਾਰੀ ਫ਼ੈਲਦੀ ਹੈ।

v. ਗਰਮੀ ਵਿੱਚ ਧੁੱਪ ਤੋਂ ਬਚਣ ਲਈ _____ ਦਾ ਪ੍ਰਯੋਗ ਕਰਨਾ ਚਾਹੀਦਾ ਹੈ।

ਕੇਵਲ ਇੱਕ ਲਾਈਨ ਵਿੱਚ ਉੱਤਰ ਦਿਉ:

vi. ਮਲੇਰੀਆ ਕਿਸ ਮੱਛਰ ਦੇ ਕੱਟਣ ਨਾਲ ਹੁੰਦਾ ਹੈ?

vii. ਕਾਰਜਾਤਮਕ ਫਰਨੀਚਰ ਕੀ ਹੁੰਦਾ ਹੈ?

ਸਹੀ ਜਾਂ ਗ਼ਲਤ

viii. . ਬੈਕਟੀਰੀਆ ਭੋਜਨ ਨੂੰ ਮਿੱਠਾ ਕਰ ਦਿੰਦੇ ਹਨ।

ix. . ਕੱਪੜੇ ਦਿਖਾਵੇ ਵਾਸਤੇ ਪਾਏ ਜਾਂਦੇ ਹਨ।

x. ਦੁੱਧ ਨੂੰ ਉਬਾਲਣਾ ਨਹੀਂ ਚਾਹੀਦਾ।

ਪ੍ਰਸ਼ਨ-2 6 x 3 = 18

ਛੋਟੇ ਉੱਤਰਾਂ ਵਾਲੇ ਪ੍ਰਸ਼ਨ

xi. ਜੇਕਰ ਘਰ ਦੀ ਬਿਜਲੀ ਪੂਰੇ ਦਿਨ ਲਈ ਖਰਾਬ ਹੋਵੇ ਤਾਂ ਘਰ ਤੋਂ ਭੋਜਨ ਪਦਾਰਥਾਂ ਨੂੰ ਕਿਵੇਂ ਸੁਰੱਖਿਅਤ ਰੱਖਾਂਗੇ ?

ਜਾਂ

ਚੰਗੇ ਸ਼ਿਸ਼ਟਾਚਾਰ ਤੋਂ ਕੀ ਭਾਵ ਹੈ?

xii. ਪੈਰਾਂ ਦੇ ਬੂਟ ਨਾਪ ਦੇ ਕਿਉਂ ਹੋਣੇ ਚਾਹੀਦੇ ਹਨ?

ਜਾਂ

ਬੈਠਣ ਵਾਲੇ ਕਮਰੇ ਵਿੱਚ ਕਿਹੜਾ ਫਰਨੀਚਰ ਜ਼ਰੂਰੀ ਹੈ?

xiii. ਆਪਣੇ ਪਿੰਡ ਜਾਂ ਸ਼ਹਿਰ ਨੂੰ ਸਾਫ਼ ਸੁਥਰਾ ਰੱਖਣ ਲਈ ਤੁਸੀਂ ਸਰਕਾਰ ਪਾਸੋਂ ਕਿਹੜੀਆਂ ਸਹੂਲਤਾਂ ਸਕਦੇ ਹੋ?

ਜਾਂ

ਕੱਪੜੇ ਧੋਣ ਤੋਂ ਪਹਿਲਾਂ ਉਨ੍ਹਾਂ ਦੀ ਮੁਰੰਮਤ ਕਰਨੀ ਕਿਉਂ ਜ਼ਰੂਰੀ ਹੈ?

xiv. ਡਾਕਟਰ ਦੇ ਆਉਣ ਤੋਂ ਪਹਿਲਾਂ ਦਾਅ 'ਤੇ ਕੀ ਲਾਉਣਾ ਚਾਹੀਦਾ ਹੈ?

xv. ਗਰਮ ਪਾਣੀ ਦਾ ਇਸਤੇਮਾਲ ਕਿੰਨ੍ਹਾਂ ਕੱਪੜਿਆਂ ਲਈ ਕੀਤਾ ਜਾਂਦਾ ਹੈ?

ਜਾਂ

ਟੈਲਕਮ ਪਾਊਡਰ ਦੇ ਕੀ ਲਾਭ ਹਨ?

xvi.ਮੀਨਾਕਾਰੀ ਵਾਲੇ ਫਰਨੀਚਰ ਦਾ ਕੀ ਲਾਭ ਅਤੇ ਨੁਕਸਾਨ ਹਨ?

ਪ੍ਰਸ਼ਨ-3 3 x 4 = 12

ਨਿਬੰਧਤਮਕ **ਪ੍ਰਸ਼ਨ**

xvii. ਸਾਬਣ ਦਾ ਨਿੱਜੀ ਸਫ਼ਾਈ ਵਿੱਚ ਕੀ ਮੱਹਤਵ ਹੈ?

ਜਾਂ

ਭੋਜਨ ਖਰਾਬ ਹੋਣ ਦੇ ਕੀ ਕਾਰਨ ਹਨ?

xviii. ਖਾਣਾ ਪਰੋਸਣ ਸਮੇਂ ਕਿੰਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ?

ਜਾਂ

ਜੂੰਆਂ ਕਿੱਥੇ ਅਤੇ ਕਿਉਂ ਪੈ ਜਾਂਦੀਆਂ ਹਨ?

xix. ਵੱਧ ਪ੍ਰੋਟੀਨ ਵਾਲੇ ਬ੍ਰੈਡ ਟੋਸਟ ਦੀ ਰੈਸਪੀ ਲਿਖੋ

ਜਾਂ

"ਹੇਠ ਦਿੱਤੇ ਬਾਰ ਗ੍ਰਾਫ ਵਿੱਚ ਇੱਕ ਕਲਾਸ ਦੇ ਵਿਦਿਆਰਥੀਆਂ ਦੀ ਗਿਣਤੀ ਦਿਖਾਈ ਗਈ ਹੈ ਜੋ ਵੱਖ-ਵੱਖ ਫਸਟ ਏਡ ਤਕਨੀਕਾਂ ਨੂੰ ਜਾਣਦੇ ਹਨ। ਬਾਰ ਗ੍ਰਾਫ ਨੂੰ ਚੰਗੀ ਤਰ੍ਹਾਂ ਸਮਝ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ -"

ਫਸਟ ਏਡ ਤਕਨੀਕ	**ਵਿਦਿਆਰਥੀਆਂ ਦੀ ਗਿਣਤੀ**

ਬੈਂਡੇਜਿੰਗ	**18**
ਸੀਪੀਆਰ	**12**
ਜਖ਼ਮ ਦਾ ਇਲਾਜ	**15**
ਖ਼ੂਨ ਰੋਕਣਾ	**20**
ਹੱਡੀਆਂ ਦਾ ਇਲਾਜ	**10**

ੳ) ਕਿਸ ਫਸਟ ਏਡ ਤਕਨੀਕ ਨੂੰ ਸਭ ਤੋਂ ਵੱਧ ਵਿਦਿਆਰਥੀ ਜਾਣਦੇ ਹਨ?

ਅ) ਕਿਸ ਫਸਟ ਏਡ ਤਕਨੀਕ ਨੂੰ ਸਭ ਤੋਂ ਘੱਟ ਵਿਦਿਆਰਥੀ ਜਾਣਦੇ ਹਨ?

ੲ) ਸੀਪੀਆਰ ਤਕਨੀਕ ਬਾਰੇ ਕਿੰਨੇ ਬੱਚੇ ਜਾਣਦੇ ਹਨ?

ਸ) ਕਿੰਨੇ ਬੱਚੇ ਹੱਡੀਆਂ ਦਾ ਇਲਾਜ ਬਾਰੇ ਫਸਟ ਏਡ ਦੇ ਸਕਦੇ ਹਨ?